ਸਾਧ ਕੌਣ ਹੈ

(ਸੰਪਾਦਕ: ਅਨੰਤ ਪ੍ਰਵਾਹ ਟ੍ਰਸਟ ਯੂ.ਕੇ.)

ਜਿਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿੱਚ ਸੰਤ ਪਦ ਆਇਆ ਹੈ ਇਸੇ ਤਰ੍ਹਾਂ ਸਾਧ ਪਦ ਵੀ ਬਹੁਤ ਵਾਰੀ ਆਇਆ ਹੈ। ਸਾਧ ਉਹ ਮਹਾਂਪੁਰਸ਼ ਹੈ ਜਿਸ ਨੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਸਾਧਿਆ ਹੋਇਆ ਹੈ। ਜੋ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਆਸ਼ਾ ਅਤੇ ਤ੍ਰਿਸ਼ਨਾ ਆਦਿ ਰੋਗਾਂ ਤੋਂ ਰਹਿਤ ਹੋ ਚੁੱਕਾ ਹੈ। ਗੁਰਬਾਣੀ ਵਿੱਚ ਐਸੇ ਸਾਧ ਦੀ ਪ੍ਰਸੰਸਾ ਇੰਜ ਕੀਤੀ ਗਈ ਹੈ:

- **ਦੂਖ ਰੋਗ ਬਿਨਸੇ ਭੈ ਭਰਮ॥ ਸਾਧ ਨਾਮ ਨਿਰਮਲ ਤਾ ਕੇ ਕਰਮ॥ (੨੯੬)**

- **ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ॥**
  ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ॥ (੩੨੦)

- **ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ॥**
  ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ॥ (੧੨੨੨)

ਸਾਧ ਦਾ ਅਰਥ ਪੰਚਮ ਪਾਤਸ਼ਾਹ ਜੀ ਨੇ ਗੁਰੂ ਦਰਸਾਇਆ ਹੈ:

- **ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ॥**
  ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ॥ (੫੨੮)

ਇਸੇ ਤਰ੍ਹਾਂ ਸਲੋਕ ਸਹਿਸਕ੍ਰਿਤੀ ਵਿਚ ਹਜ਼ੂਰ ਸਾਧ ਦੇ ਛੇ ਲੱਛਣ ਇਉਂ ਦੱਸਦੇ ਹਨ:

- **ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥**
  ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
  ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
  ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥
  ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
  ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਾਗਿ ਸਗਲ ਰੇਣੁਕਹ॥
  ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥ (੧੩੫੭)

ਇਸ ਗੱਲ ਦਾ ਨਿਰਣਾ ਕੀਤਾ ਗਿਆ ਹੈ ਕਿ ਸਚੇ ਸਾਧੂ ਨੂੰ ਮਿਲ ਕੇ ਜੀਵ ਕਿਸ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ, ਗੁਰਵਾਕ ਹੈ:

- **ਸਫਲ ਸਫਲ ਭਈ ਸਫਲ ਜਾਤ੍ਰਾ॥ ਆਵਣ ਜਾਣ ਰਹੇ ਮਿਲੇ ਸਾਧਾ॥ (੬੮੭)**

- **ਤਪਤਿ ਮਾਹਿ ਠਾਢਿ ਵਰਤਾਈ॥ ਅਨਦੁ ਭਇਆ ਦੁਖ ਨਾਠੇ ਭਾਈ॥**
  ਜਨਮ ਮਰਨ ਕੇ ਮਿਟੇ ਅੰਦੇਸੇ॥ ਸਾਧੂ ਕੇ ਪੂਰਨ ਉਪਦੇਸੇ॥ (੨੮੭)

- **ਅਨਿਕ ਬਿਘਨ ਤੇ ਸਾਧੂ ਰਾਖੈ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ॥ (੨੮੩)**

ਚੌਥੀ ਪਾਤਸ਼ਾਹੀ ਦਾ ਹੁਕਮ ਹੈ ਕਿ ਸਚਾ ਸਾਧ ਉਹ ਹੈ ਜੋ ਦੇਹ ਵਿੱਚੋਂ ਹਉਮੈ ਨੂੰ ਕੱਢ ਕੇ ਵੱਖਰਾ ਕਰ ਦੇਵੇ ਜਿਵੇਂ ਹੰਸ ਦੁੱਧ ਵਿੱਚੋਂ ਪਾਣੀ ਨੂੰ ਵੱਖ ਕਰ ਦਿੰਦਾ ਹੈ:

– ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ
ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ॥ (੧੨੬੪)

ਗੁਰੂ ਸਾਹਿਬ ਨੇ ਆਮ ਜਗਿਆਸੂਆਂ ਨੂੰ ਵੀ ਸਾਧੂ ਪਦ ਨਾਲ ਸੰਬੋਧਨ ਕੀਤਾ ਹੈ ਜਿਵੇਂ – ''ਸਾਧੋ ਰਚਨਾ ਨਾਮ ਬਨਾਈ'', ''ਸਾਧੋ ਗੋਬਿੰਦ ਕੇ ਗੁਨ ਗਾਵਉ'' ਆਦਿ ਸ਼ਬਦਾਂ ਤੋਂ ਪ੍ਰਗਟ ਹੈ, ਪਰ ਜਿਥੇ ਸਾਧੂ ਦੇ ਅਰਥ ਸਤਪੁਰਸ਼ ਹਨ ਉਥੇ ਇਸ ਪਦ ਦੀ ਮਹਾਨਤਾ ਸਮਝਣ ਦੀ ਲੋੜ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ:

– ਗੁਛਾ ਹੋਇ ਧ੍ਰਿਕਾਨੂਆ ਕਿਉ ਵੁੜੀਐ ਦਾਖੈ॥ ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ॥
ਗਹਣੇ ਜਿਉਂ ਜਰਪੋਸ ਦੇ ਨਹੀ ਸੋਇਨਾ ਸਾਖੈ॥ ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ॥
ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ॥ ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ॥

(ਵਾਰ ੩੫ ਪਉੜੀ ੧੭)

ਸੱਚੇ ਸਾਧ ਤਾਂ ਸੰਸਾਰ ਤੋਂ ਅਲੋਪ ਹੋ ਰਹੇ ਹਨ ਅਤੇ ਭੇਖੀਆਂ ਦਾ ਦਿਨੋ ਦਿਨ ਵਾਧਾ ਹੋਈ ਜਾ ਰਿਹਾ ਹੈ। ਕਲਗੀਧਰ ਜੀ ਦਾ ਫੁਰਮਾਨ ਹੈ:

– ਜੋਗੀ ਸੰਨਿਆਸੀ ਹੈ ਜੇਤੇ॥ ਮੁੰਡੀਆ ਮੁਸਲਮਾਨ ਗਨ ਕੇਤੇ॥
ਭੇਖ ਧਰੇ ਲੂਟਤ ਸੰਸਾਰਾ॥ ਛਪਤ ਸਾਧੁ ਜਿਹ ਨਾਮੁ ਆਧਾਰਾ॥ (ਚੌਬੀਸ ਅਵਤਾਰ)

ਭਾਈ ਗੁਰਦਾਸ ਜੀ ਨੇ ਸੱਚੇ ਸਾਧੂ ਦੀ ਮਹਾਨਤਾ ਇੰਜ ਬਿਆਨ ਕੀਤੀ ਹੈ:

– ਥੰਮੈ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚਿ ਕੋਆ॥ਧਰਮ ਧਉਲੁ ਪੁਕਾਰੈ ਤਲੈ ਖੜੋਆ॥ (੧,੨੨)

ਇੰਨ੍ਹਾਂ ਤੁਕਾਂ ਵਿੱਚ ਸਾਧ ਦੇ ਅਰਥ ਸਪੱਸ਼ਟ ਤੌਰ 'ਤੇ ਗੁਰੂ ਹਨ ਕਿਉਂਕਿ ਇੰਨ੍ਹਾਂ ਵਿੱਚ ਆਪ ਨੇ ਸੱਚੇ ਸਾਧ ਗੁਰੂ ਨਾਨਕ ਜੀ ਤੋਂ ਪਹਿਲੇ ਦੀ ਹਾਲਤ ਨੂੰ ਬਿਆਨ ਕੀਤਾ ਹੈ ਅਤੇ ਇਹ ਉਕਤ ਸਾਰੇ ਪ੍ਰਮਾਣ ਇਸ ਗੱਲ ਦਾ ਚੰਗੀ ਤਰ੍ਹਾਂ ਨਿਰਣਾ ਕਰਦੇ ਹਨ ਕਿ ਸੱਚਾ ਸਾਧੂ ਕੌਣ ਹੈ। ਇਨ੍ਹਾਂ ਵਾਕਾਂ ਤੋਂ ਹਰ ਪ੍ਰਾਣੀ ਮਾਤ੍ਰ ਨੂੰ ਸਬਕ ਲੈਣਾ ਚਾਹੀਦਾ ਹੈ ਕਿ ਸਾਧ ਕਿਸੇ ਖ਼ਾਸ ਲਿਬਾਸ ਜਾਂ ਭੇਖ ਦਾ ਨਾਮ ਨਹੀਂ, ਸਗੋਂ ਉਸ ਵਿਅਕਤੀ ਦਾ ਨਾਮ ਹੈ ਜਿਸ ਨੇ ਨਿਰੰਕਾਰ ਦੇ ਹੁਕਮ ਅਨੁਸਾਰ ਆਪਣਾ ਜੀਵਨ ਢਾਲਿਆ ਹੋਇਆ ਹੈ। ਜੇ ਇਸ ਖ਼ਿਆਲ ਤੇ ਨਿਰਪੱਖ ਵਿਚਾਰ ਕੀਤੀ ਜਾਵੇ ਤਾਂ ਪਤਾ ਲੱਗੇਗਾ ਕਿ ਐਸੀ ਹਸਤੀ ਸੰਸਾਰ ਤੇ ਗੁਰੂ ਸਾਹਿਬ ਹੀ ਹੋਏ ਹਨ, ਜਿੰਨ੍ਹਾਂ ਦਾ ਪ੍ਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਭੇਖੀ ਸਾਧੂਆਂ ਪਿੱਛੇ ਭਾਉਣਾ ਵਿਅਰਥ ਹੈ। ਜੇਕਰ ਉਕਤ ਜੀਵਨ ਦੀ ਕੋਈ ਇੱਕ ਨਿਸ਼ਾਨੀ ਕਿਸੇ ਮਹਾਂਪੁਰਸ਼ ਵਿੱਚ ਹੈ ਵੀ ਤਾਂ ਉਸ ਤੋਂ ਆਤਮਿਕ ਉੱਨਤੀ ਲਈ ਕੋਈ ਸਿੱਖਿਆ ਲੈਣੀ ਤਾਂ ਮਾੜੀ ਗੱਲ ਨਹੀਂ ਪਰ ਕੇਵਲ ਭੇਖ ਦੀ ਪੂਜਾ ਕਰਨੀ ਤੇ ਮੱਥੇ ਟੇਕਣੇ ਮਨਮਤਿ ਹੈ।